# ਆਵਾਜ਼ ਸੁਣਨ ਅਤੇ ਬੋਲਣ ਸੰਬੰਧੀ ਚੈੱਕਲਿਸਟ

(ਤੁਹਾਡੇ ਬੱਚੇ ਦੀ ਸੁਣਨ ਯੋਗਤਾ ਦੀ ਨਿਗਰਾਨੀ ਕਰਨ ਲਈ)

## ਜਨਮ ਤੋਂ ਲੈ ਕੇ 3 ਮਹੀਨੇ ਦੀ ਉਮਰ ਲਈ

- ☐ ਜਾਣੀਆਂ-ਪਛਾਣੀਆਂ ਧੁਨਾਂ ਜਾਂ ਆਵਾਜ਼ਾਂ ਸੁਣ ਕੇ ਸ਼ਾਂਤ ਹੁੰਦਾ ਹੈ
- ☐ ਅਚਾਨਕ ਖੜਕੇ ਨਾਲ ਘਬਰਾ ਜਾਂਦਾ ਹੈ ਜਾਂ ਤ੍ਰਭਕ ਜਾਂਦਾ ਹੈ

## 3 ਤੋਂ 6 ਮਹੀਨੇ ਦੀ ਉਮਰ ਲਈ

- ☐ ਦਿਲਚਸਪ ਆਵਾਜ਼ਾਂ ਵੱਲ ਸਿਰ ਮੋੜਦਾ ਜਾਂ ਅੱਖਾਂ ਘੁੰਮਾਉਂਦਾ ਹੈ
- ☐ ਲੱਗਦਾ ਹੈ ਕਿ ਸੁਣ ਰਿਹਾ ਹੈ
- ☐ ਆਵਾਜ਼ ਨਾਲ ਆਸਾਨੀ ਨਾਲ ਜਾਗ ਪੈਂਦਾ ਹੈ
- ☐ ਗੱਲਬਾਤ ਵਰਗੀਆਂ ਆਵਾਜ਼ਾਂ ਕੱਢਣੀ ਸ਼ੁਰੂ ਕਰ ਰਿਹਾ ਹੈ

## 6 ਤੋਂ 12 ਮਹੀਨੇ ਦੀ ਉਮਰ ਲਈ

- ☐ ਸਧਾਰਨ ਸ਼ਬਦਾਂ ਨੂੰ ਸਮਝਦਾ ਹੈ, ਜਿਵੇਂ ਕਿ 'ਨਹੀਂ' ਅਤੇ 'ਬਾਏ-ਬਾਏ'
- ☐ ਬੋਲਣ ਵਾਲੀਆਂ ਆਵਾਜ਼ਾਂ ਦੀ ਨਕਲ ਕਰਨਾ ਸ਼ੁਰੂ ਕਰਦਾ ਹੈ
- ☐ ਹੌਲੀ ਆ ਰਹੀਆਂ ਆਵਾਜ਼ਾਂ ਵੱਲ ਸਿਰ ਮੋੜਦਾ ਹੈ

## 12 ਤੋਂ 18 ਮਹੀਨੇ ਦੀ ਉਮਰ ਲਈ

- ☐ ਹਰ ਹਫ਼ਤੇ ਹੋਰ ਵਧੇਰੇ ਸ਼ਬਦਾਂ ਨੂੰ ਸਮਝਣ ਲੱਗਦਾ ਪ੍ਰਤੀਤ ਹੁੰਦਾ ਹੈ
- ☐ ਪੁੱਛੇ ਜਾਣ 'ਤੇ, ਲੋਕਾਂ, ਸਰੀਰ ਦੇ ਅੰਗਾਂ ਜਾਂ ਖਿਡੌਣਿਆਂ ਵੱਲ ਇਸ਼ਾਰਾ ਕਰਦਾ ਹੈ
- ☐ ਸਧਾਰਨ ਬੋਲੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਦਾ ਹੈ ਜਿਵੇਂ ਕਿ 'ਬੈਠ ਜਾਓ'
- ☐ ਦੋ ਤੋਂ ਤਿੰਨ ਅਸਲੀ ਸ਼ਬਦ ਬੋਲ ਲੈਂਦਾ ਹੈ ਜਿਵੇਂ ਕਿ 'ਬਾਲ, 'ਕੁੱਤਾ', 'ਕਾਰ'

## ਮੇਰੇ ਬੱਚੇ ਦੀ ਆਡੀਓਲੋਜੀ ਦੀ ਅਪਾਇੰਟਮੈਂਟ

ਆਡੀਓਲੋਜੀ ਟੀਮ ਚਾਹੇਗੀ ਕਿ ਉਹ ਤੁਹਾਡੇ ਬੱਚੇ ਦੀ ਸੁਣਨ ਯੋਗਤਾ ਦੀ ਜਾਂਚ ਉਸਦੀ 12 ਮਹੀਨਿਆਂ ਦੀ ਉਮਰ ਤੋਂ ਪਹਿਲਾਂ ਕਰੇ। ਉਹ ਸਮਾਂ ਤੈਅ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਨਗੇ।

## ਜੇ ਅਸੀਂ ਇਸ ਅਪਾਇੰਟਮੈਂਟ 'ਤੇ ਨਹੀਂ ਆ ਸਕਦੇ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਆਪਣੀ ਅਪਾਇੰਟਮੈਂਟ ਵਿੱਚ ਹਾਜ਼ਰ ਨਹੀਂ ਹੋ ਸਕਦੇ ਹੋ, ਤਾਂ ਇਸ ਅਪਾਇੰਟਮੈਂਟ ਦੇ ਸਮੇਂ ਤੋਂ ਪਹਿਲਾਂ ਆਪਣੇ ਆਡੀਓਲੋਜਿਸਟ ਨੂੰ ਜਿੰਨੀ ਜਲਦੀ ਹੋ ਸਕੇ, ਅਪਾਇੰਟਮੈਂਟ ਦਾ ਸਮਾਂ ਮੁੜ ਤਹਿ ਕਰਨ ਲਈ ਸੂਚਿਤ ਕਰੋ।

## ਜੇ ਅਸੀਂ ਇੱਥੋਂ ਚਲੇ ਜਾਂਦੇ ਹਾਂ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਕਿਸੇ ਹੋਰ ਕਸਬੇ ਜਾਂ ਸ਼ਹਿਰ ਵਿੱਚ ਚਲੇ ਜਾਂਦੇ ਹੋ, ਤਾਂ ਆਪਣੀ ਆਡੀਓਲੋਜੀ ਸੇਵਾ ਨੂੰ ਫ਼ੋਨ ਕਰੋ ਅਤੇ ਉਹ ਤੁਹਾਨੂੰ ਤੁਹਾਡੇ ਨਜ਼ਦੀਕੀ ਸੇਵਾ ਬਾਰੇ ਸਲਾਹ ਦੇ ਸਕਣਗੇ।

**ਇਸ ਹੈਲਥੀ ਹੇਅਰਿੰਗ ਪ੍ਰੋਗਰਾਮ (Healthy Hearing Program) ਬਾਰੇ ਹੋਰ ਜਾਣਕਾਰੀ ਲਈ, ਇਸ QR ਕੋਡ ਨੂੰ ਸਕੈਨ ਕਰੋ।**

ਜੇਕਰ ਤੁਹਾਡੇ ਸੰਪਰਕ ਵੇਰਵੇ ਜਾਂ ਪਤਾ ਬਦਲ ਜਾਂਦਾ ਹੈ ਤਾਂ ਕਿਰਪਾ ਕਰਕੇ ਆਡੀਓਲੋਜੀ ਸੇਵਾ ਨੂੰ ਇਸ ਬਾਰੇ ਦੱਸੋ, ਤਾਂ ਜੋ ਉਹ ਤੁਹਾਨੂੰ ਅਪਾਇੰਟਮੈਂਟ ਬਾਰੇ ਸੂਚਿਤ ਕਰ ਸਕਣ।

ਜੇਕਰ ਤੁਸੀਂ ਆਪਣੇ ਬੱਚੇ ਦੇ ਇੱਕ ਸਾਲ ਦੇ ਹੋਣ ਤੱਕ ਆਪਣੀ ਔਡੀਓਲੋਜੀ ਟੀਮ ਤੋਂ ਨਹੀਂ ਸੁਣਦੇ ਹੋ, ਤਾਂ ਅਪਾਇੰਟਮੈਂਟ ਤੈਅ ਕਰਨ ਲਈ ਆਪਣੀ ਆਡੀਓਲੋਜੀ ਸੇਵਾ ਨਾਲ ਸੰਪਰਕ ਕਰੋ।

ਸੁਣਨ ਯੋਗਤਾ ਦੀ ਜਾਂਚ ਕਿਸੇ ਵੀ ਉਮਰ ਵਿੱਚ ਕੀਤੀ ਜਾ ਸਕਦੀ ਹੈ। ਜੇਕਰ ਤੁਹਾਡੇ ਕੋਲ ਆਡੀਓਲੋਜਿਸਟ ਲਈ ਮੌਜੂਦਾ ਰੈਫ਼ਰਲ ਨਹੀਂ ਹੈ ਅਤੇ ਤੁਸੀਂ ਆਪਣੇ ਬੱਚੇ ਦੀ ਸੁਣਨ ਯੋਗਤਾ ਬਾਰੇ ਚਿੰਤਤ ਹੋ, ਤਾਂ ਆਪਣੇ ਬੱਚੇ ਦੀ ਸੁਣਨ ਯੋਗਤਾ ਦੀ ਜਾਂਚ ਕਰਵਾਉਣ ਲਈ ਰੈਫ਼ਰਲ ਲੈਣ ਬਾਰੇ ਆਪਣੇ ਬੱਚੇ ਦੇ ਡਾਕਟਰ ਨਾਲ ਗੱਲ ਕਰੋ।



# Healthy Hearing Program

## ਹੈਲਥੀ ਹੇਅਰਿੰਗ ਪ੍ਰੋਗਰਾਮ




## Your Baby's Follow-Up Hearing Check

## ਤੁਹਾਡੇ ਬੱਚੇ ਦੀ ਸੁਣਨ ਯੋਗਤਾ ਦੀ ਫਾਲੋ-ਅੱਪ ਜਾਂਚ

ਬੱਚੇ ਦੀ ਸੁਣਨ ਯੋਗਤਾ ਸਮੇਂ ਦੇ ਨਾਲ ਬਦਲ ਸਕਦੀ ਹੈ।

ਇਹ ਕਿਤਾਬਚਾ ਦੱਸਦਾ ਹੈ ਕਿ ਕਿਉਂ ਕੁੱਝ ਬੱਚਿਆਂ ਲਈ ਉਹਨਾਂ ਦੇ **ਪਹਿਲੇ ਜਨਮ** ਦਿਨ ਤੱਕ, ਜਾਂ **6 ਹਫ਼ਤਿਆਂ** ਦੀ ਉਮਰ ਤੱਕ ਕੁੱਝ ਪਛਾਣੇ ਗਏ ਜ਼ੋਖਮ ਕਾਰਕਾਂ ਲਈ ਉਹਨਾਂ ਦੀ ਸੁਣਨ ਯੋਗਤਾ ਦੀ ਦੁਬਾਰਾ ਜਾਂਚ ਕਰਵਾਉਣਾ ਮਹੱਤਵਪੂਰਨ ਹੈ।

Queensland Government

2024 ਵਿੱਚ ਸਮੀਖਿਆ ਕੀਤੀ ਗਈ

# ਸਿਹਤਮੰਦ ਸੁਣਨ ਯੋਗਤਾ ਤੁਹਾਡੇ ਬੱਚੇ ਦੀ ਬੋਲਣ ਯੋਗਤਾ ਅਤੇ ਭਾਸ਼ਾ ਦੇ ਵਿਕਾਸ ਲਈ ਜੀਵਨ ਦੇ ਸ਼ੁਰੂਆਤੀ ਮਹੀਨਿਆਂ ਤੋਂ ਹੀ ਮਹੱਤਵਪੂਰਨ ਹੈ

## ਮੇਰੇ ਬੱਚੇ ਨੇ ਆਪਣੇ ਨਵਜੰਮੇ ਬੱਚੇ ਦੀ ਸੁਣਨ ਯੋਗਤਾ ਦੀ ਜਾਂਚ ਨੂੰ ਪਾਸ ਕੀਤਾ। ਉਹਨਾਂ ਨੂੰ ਸੁਣਨ ਯੋਗਤਾ ਦੀ ਇੱਕ ਹੋਰ ਜਾਂਚ ਕਰਵਾਉਣ ਦੀ ਕਿਉਂ ਲੋੜ ਹੈ?

ਤੁਹਾਡੇ ਬੱਚੇ ਦੇ ਇੱਕ ਜਾਂ ਇੱਕ ਤੋਂ ਵੱਧ ਜੋਖਮ ਕਾਰਕ ਹਨ ਜੋ ਉਹਨਾਂ ਦੀ ਉਮਰ ਵਧਣ ਦੇ ਨਾਲ-ਨਾਲ ਉਹਨਾਂ ਦੀ ਸੁਣਨ ਸ਼ਕਤੀ ਵਿੱਚ ਕਮੀ ਹੋਣ ਦੀ ਸੰਭਾਵਨਾ ਨੂੰ ਵਧਾ ਸਕਦੇ ਹਨ। ਜੇਕਰ ਤੁਹਾਡੇ ਬੱਚੇ ਵਿੱਚ ਹੇਠ ਲਿਖੇ ਜੋਖਮ ਕਾਰਕਾਂ ਵਿੱਚੋਂ ਕੋਈ ਵੀ ਹੈ, ਤਾਂ ਉਹਨਾਂ ਨੂੰ ਉਹਨਾਂ ਦੇ ਨਵਜੰਮੇ ਬੱਚੇ ਵਾਲੀ ਸੁਣਨ ਯੋਗਤਾ ਦੀ ਜਾਂਚ ਹੋਣ ਦੇ **6 ਹਫ਼ਤਿਆਂ ਦੇ** ਅੰਦਰ-ਅੰਦਰ ਇੱਕ ਵਿਸਥਾਰ ਪੂਰਵਕ ਸੁਣਨ ਯੋਗਤਾ ਦੀ ਜਾਂਚ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ:

- ਸੁਣਨ ਯੋਗਤਾ ਦੇ ਨੁਕਸਾਨ ਨਾਲ ਸੰਬੰਧਿਤ ਸਿੰਡਰੋਮਾਂ ਬਾਰੇ
- ਸਿਰ/ਚਿਹਰੇ ਦੀਆਂ ਢਾਂਚਾਗਤ ਸਮੱਸਿਆਵਾਂ ਬਾਰੇ ਜਿਵੇਂ ਕਿ ਕੱਟਿਆ ਤਾਲੂ/ਬੁੱਲ੍ਹ

ਜੇਕਰ ਹੇਠਾਂ ਦਿੱਤੇ ਇੱਕ ਜਾਂ ਇੱਕ ਤੋਂ ਵੱਧ ਜੋਖਮ ਕਾਰਕ ਮੌਜੂਦ ਹਨ ਤਾਂ ਤੁਹਾਡੇ ਬੱਚੇ ਨੂੰ ਉਸਦੇ **ਪਹਿਲੇ ਜਨਮਦਿਨ** ਤੱਕ ਆਡੀਓਲੋਜੀ ਸਕ੍ਰੀਨਿੰਗ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ:

- ਪੂਰੀ ਤਰ੍ਹਾਂ ਸੁਣਨ ਯੋਗਤਾ ਚਲੇ ਜਾਣ ਵਾਲੇ ਦਾ ਪਰਿਵਾਰਕ ਇਤਿਹਾਸ। ਇਸਦਾ ਮਤਲਬ ਹੈ ਬਚਪਨ ਤੋਂ ਹੀ ਸੁਣਨ ਯੋਗਤਾ ਦੀ ਘਾਟ ਵਾਲੇ ਬੱਚੇ ਦੇ ਮਾਤਾ-ਪਿਤਾ ਜਾਂ ਭੈਣ-ਭਰਾ
- ਗਰਭ-ਅਵਸਥਾ ਜਾਂ ਜਨਮ ਦੌਰਾਨ ਕੁੱਝ ਵਿਸ਼ੇਸ਼ ਲਾਗਾਂ ਦੇ ਸੰਪਰਕ ਵਿੱਚ ਆਉਣਾ
- ਜਨਮ ਸਮੇਂ ਸਾਹ ਲੈਣ ਵਿੱਚ ਗੰਭੀਰ ਮੁਸ਼ਕਲਾਂ

ਹਾਲਾਂਕਿ ਇਹਨਾਂ ਖ਼ਤਰੇ ਦੇ ਕਾਰਕਾਂ ਵਾਲੇ ਸਿਰਫ਼ ਥੋੜ੍ਹੇ ਜਿਹੇ ਬੱਚੇ ਹੀ ਅਸਲ ਵਿੱਚ ਸੁਣਨ ਸ਼ਕਤੀ ਦਾ ਨੁਕਸਾਨ ਵਿਕਸਿਤ ਕਰਦੇ ਹਨ, ਪਰ ਆਡੀਓਲੋਜੀ ਟੀਮ ਨਾਲ ਇਸਦੀ ਫਾਲੋ-ਅੱਪ ਜਾਂਚ ਕਰਵਾਉਣੀ ਮਹੱਤਵਪੂਰਨ ਹੈ।

## ਮੇਰਾ ਬੱਚਾ ਆਵਾਜ਼ ਦਾ ਜਵਾਬ ਦਿੰਦਾ ਜਾਪਦਾ ਹੈ। ਕੀ ਉਹਨਾਂ ਨੂੰ ਅਜੇ ਵੀ ਫਾਲੋ-ਅੱਪ ਸੁਣਨ ਯੋਗਤਾ ਜਾਂਚਾਂ ਕਰਵਾਉਣ ਦੀ ਲੋੜ ਹੈ?

ਸੁਣਨ ਸ਼ਕਤੀ ਦੇ ਨੁਕਸਾਨ ਵਾਲੇ ਜ਼ਿਆਦਾਤਰ ਬੱਚੇ ਅਜੇ ਵੀ ਕੁੱਝ ਆਵਾਜ਼ਾਂ ਸੁਣਨ ਅਤੇ ਪ੍ਰਤੀਕਿਰਿਆ ਕਰਨ ਦੇ ਕਾਬਿਲ ਹੋਣਗੇ। ਇਸ ਲਈ, ਸਹੀ ਜਾਂਚ ਤੋਂ ਬਿਨਾਂ ਸੁਣਨ ਯੋਗਤਾ ਦੇ ਨੁਕਸਾਨ ਦੀ ਪਛਾਣ ਕਰਨਾ ਅਸੰਭਵ ਹੈ।

ਸੁਣਨ ਯੋਗਤਾ ਦੇ ਨੁਕਸਾਨ ਨੂੰ ਜਲਦੀ ਪਤਾ ਲਗਾਉਣਾ ਤੁਹਾਡੇ ਬੱਚੇ ਨੂੰ ਬੋਲਣ ਅਤੇ ਭਾਸ਼ਾ ਵਿਕਸਿਤ ਕਰਨ ਲਈ ਸਭ ਤੋਂ ਵਧੀਆ ਮੌਕਾ ਪ੍ਰਦਾਨ ਕਰਦਾ ਹੈ। ਇਹ ਉਹਨਾਂ ਦੇ ਭਵਿੱਖ ਦੀ ਸਿੱਖਿਆ, ਸਮਾਜਿਕ ਅਤੇ ਭਾਵਨਾਤਮਕ ਤੰਦਰੁਸਤੀ ਲਈ ਮਹੱਤਵਪੂਰਨ ਹੈ।

## ਆਡੀਓਲੋਜੀ ਵਿੱਚ ਕੀ ਹੁੰਦਾ ਹੈ?

ਆਡੀਓਲੋਜੀ ਟੀਮ ਤੁਹਾਡੇ ਬੱਚੇ ਦੀ ਸੁਣਨ ਪ੍ਰਣਾਲੀ ਦੇ ਵੱਖ-ਵੱਖ ਹਿੱਸਿਆਂ ਦੀ ਜਾਂਚ ਕਰੇਗੀ। ਉਹ ਅਪਾਇੰਟਮੈਂਟ ਵੇਲੇ ਹਰੇਕ ਕੀਤੀ ਗਈ ਜਾਂਚ ਅਤੇ ਨਤੀਜਿਆਂ ਬਾਰੇ ਵਿਸਥਾਰ ਨਾਲ ਦੱਸਣਗੇ।

ਇਹ ਜਾਂਚਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਕੀ ਤੁਹਾਡੇ ਬੱਚੇ ਨੂੰ ਬੋਲਣ ਸ਼ਕਤੀ ਅਤੇ ਭਾਸ਼ਾ ਵਿਕਸਿਤ ਕਰਨ ਲਈ ਲੋੜੀਂਦੀ ਸੁਣਨ ਸ਼ਕਤੀ ਹੈ, ਜਾਂ ਜੇ ਉਹਨਾਂ ਦੀ ਸੁਣਨ ਸ਼ਕਤੀ ਘੱਟ ਹੋ ਗਈ ਹੈ।



ਨਤੀਜੇ ਪ੍ਰਾਪਤ ਕਰਨ ਲਈ ਤੁਹਾਡੇ ਬੱਚੇ ਨੂੰ ਇੱਕ ਜਾਂ ਦੋ ਅਪਾਇੰਟਮੈਂਟਾਂ ਬੁੱਕ ਦੀ ਲੋੜ ਹੋ ਸਕਦੀ ਹੈ।

## ਆਡੀਓਲੋਜੀ ਟੀਮ ਵਿੱਚ ਸ਼ਾਮਲ ਹੁੰਦੇ ਹਨ:

ਇੱਕ ਆਡੀਓਲੋਜਿਸਟ ਸੁਣਨ ਯੋਗਤਾ ਦਾ ਮਾਹਰ ਡਾਕਟਰ ਹੁੰਦਾ ਹੈ ਜਿਸ ਕੋਲ ਵਿਸਥਾਰ ਪੂਰਵਕ ਟੈਸਟ ਕਰਨ ਲਈ ਹੁਨਰ ਅਤੇ ਉਪਕਰਨ ਹੁੰਦੇ ਹਨ। ਇੱਕ ਅਲਾਈਡ ਹੈਲਥ ਅਸਿਸਟੈਂਟ ਜਾਂ ਆਡੀਓਲੋਜੀ ਅਸਿਸਟੈਂਟ ਉਹ ਹੁੰਦਾ ਹੈ ਜਿਸਨੂੰ ਆਡੀਓਲੋਜੀ ਸੁਣਨ ਯੋਗਤਾ ਜਾਂਚਾਂ ਕਰਨ ਲਈ ਸਿਖਲਾਈ ਮਿਲੀ ਹੁੰਦੀ ਹੈ।

## ਇਸ ਸੁਣਨ ਯੋਗਤਾ ਜਾਂਚ ਦਾ ਖ਼ਰਚਾ ਕਿੰਨ੍ਹਾ ਹੋਵੇਗਾ?

ਸਰਕਾਰੀ ਤੌਰ 'ਤੇ ਪ੍ਰਦਾਨ ਕੀਤੀਆਂ ਗਈਆਂ ਆਡੀਓਲੋਜੀ ਸੇਵਾਵਾਂ **ਮੈਡੀਕੇਅਰ** ਲਈ ਯੋਗ ਬੱਚਿਆਂ ਲਈ ਮੁਫ਼ਤ ਅਤੇ ਉਪਲਬਧ ਹਨ, ਭਾਵੇਂ ਉਹ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲ ਵਿੱਚ ਪੈਦਾ ਹੋਏ ਹੋਣ।
ਅਜਿਹੇ ਬੱਚਿਆਂ ਲਈ ਖ਼ਰਚੇ ਹੋ ਸਕਦੇ ਹਨ ਜੋ ਮੈਡੀਕੇਅਰ ਦੁਆਰਾ ਕਵਰ ਨਹੀਂ ਕੀਤੇ ਜਾਂਦੇ ਹਨ।
ਜੇਕਰ ਤੁਸੀਂ ਕਿਸੇ ਪ੍ਰਾਈਵੇਟ ਆਡੀਓਲੋਜਿਸਟ ਕੋਲ ਜਾਣ ਦੀ ਚੋਣ ਕਰਦੇ ਹੋ, ਤਾਂ ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਮੁਲਾਕਾਤ ਤੋਂ ਪਹਿਲਾਂ ਉਹਨਾਂ ਨਾਲ ਖ਼ਰਚਿਆਂ ਬਾਰੇ ਗੱਲ ਕਰੋ।
ਤੁਹਾਡਾ ਜਾਂਚਕਰਤਾ ਤੁਹਾਨੂੰ ਆਪਣੇ ਇਲਾਕੇ ਵਿਚਲੀਆਂ ਆਡੀਓਲੋਜੀ ਸੇਵਾਵਾਂ ਦੇ ਵੇਰਵੇ ਦੇ ਸਕਦਾ ਹੈ।

## ਜੇ ਮੇਰੇ ਬੱਚੇ ਵਿੱਚ ਸੁਣਨ ਯੋਗਤਾ ਦੀ ਕਮੀ ਹੈ ਤਾਂ ਕੀ ਹੋਵੇਗਾ?

ਜੇਕਰ ਤੁਹਾਡੇ ਬੱਚੇ ਵਿੱਚ ਸੁਣਨ ਯੋਗਤਾ ਦਾ **ਨੁਕਸਾਨ ਅਸਥਾਈ ਤੌਰ 'ਤੇ ਹੈ**, ਤਾਂ ਤੁਹਾਡੀ ਔਡੀਓਲੋਜੀ ਟੀਮ ਉਹਨਾਂ ਨੂੰ ਦੁਬਾਰਾ ਦੇਖਣਾ ਚਾਹੇਗੀ। ਜੇਕਰ ਅਸਥਾਈ ਤੌਰ 'ਤੇ ਹੋਏ ਸੁਣਨ ਯੋਗਤਾ ਦੇ ਨੁਕਸਾਨ ਵਿੱਚ ਸੁਧਾਰ ਨਹੀਂ ਹੁੰਦਾ ਹੈ, ਤਾਂ ਆਡੀਓਲੋਜੀ ਟੀਮ ਤੁਹਾਡੇ ਬੱਚੇ ਨੂੰ ਕੰਨ ਨੱਕ ਅਤੇ ਗਲੇ (ENT) ਦੇ ਮਾਹਰ ਡਾਕਟਰ ਨੂੰ ਮਿਲਣ ਦੀ ਸਿਫ਼ਾਰਸ਼ ਕਰੇਗੀ।

ਜੇਕਰ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ **ਪੱਕੇ ਤੌਰ 'ਤੇ ਚਲੀ ਗਈ ਹੈ**, ਤਾਂ ਤੁਹਾਡਾ ਆਡੀਓਲੋਜਿਸਟ ਉਹਨਾਂ ਨੂੰ ਹੇਠ ਲਿਖਿਆਂ ਵਿੱਚੋਂ ਕੁੱਝ ਜਾਂ ਸਭ ਕੋਲ ਭੇਜੇਗਾ:

- ਚਾਈਲਡਹੁੱਡ ਹੀਅਰਿੰਗ ਕਲੀਨਿਕ
- ਕੰਨ ਨੱਕ ਅਤੇ ਗਲੇ ਦੇ ਮਾਹਰ ਡਾਕਟਰ
- ਬਾਲ ਰੋਗ ਮਾਹਰ ਡਾਕਟਰ
- ਕੰਨਾਂ ਵਾਲੀ ਮਸ਼ੀਨ ਦੀ ਫਿਟਿੰਗ ਲਈ ਹੀਅਰਿੰਗ ਆਸਟ੍ਰੇਲੀਆ
- ਹੈਲਥੀ ਹੀਅਰਿੰਗ ਫ਼ੈਮਿਲੀ ਸਪੋਰਟ (HHFS)
- ਲੋੜ ਅਨੁਸਾਰ ਹੋਰ ਮਾਹਰ ਸੇਵਾਵਾਂ।

HHFS ਤੁਹਾਨੂੰ ਇਹਨਾਂ ਸੇਵਾਵਾਂ ਨਾਲ ਜੁੜਨ ਵਿੱਚ ਸਹਾਇਤਾ ਕਰੇਗਾ।

ਜੇਕਰ ਤੁਸੀਂ ਆਪਣੇ ਬੱਚੇ ਦੀ ਸੁਣਨ ਯੋਗਤਾ ਬਾਰੇ ਚਿੰਤਤ ਹੋ, ਤਾਂ ਤੁਸੀਂ ਆਪਣੀ ਆਡੀਓਲੋਜੀ ਟੀਮ ਨੂੰ ਪਹਿਲਾਂ ਅਪਾਇੰਟਮੈਂਟ ਬੁੱਕ ਕਰਨ ਲਈ ਕਾਲ ਕਰ ਸਕਦੇ ਹੋ।

2024 ਵਿੱਚ ਸਮੀਖਿਆ ਕੀਤੀ ਗਈ